# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**13:40**

**ਮਿਤੀ : 15-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਲੱਦਾਖ ਵਿੱਚ, ਵੀਡੀਓ ਕਾਨਫਰੰਸਿੰਗ ਰਾਹੀਂ ਲਗਭਗ 3 ਹਜ਼ਾਰ 350 ਕਰੋੜ ਰੁਪਏ ਦੇ ਪੰਜ ਵੱਡੇ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ।

- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਏ ਕਿ ਭਾਰਤ, ਲਗਭਗ 100 ਦੇਸ਼ਾਂ ਨੂੰ ਸਵਦੇਸ਼ੀ ਰੱਖਿਆ ਉਤਪਾਦਾਂ ਦੀ ਬਰਾਮਦ ਕਰ ਰਿਹਾ ਏ।

- ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਏ ਕਿ, ਹਿੰਦੂ ਧਰਮ ਛੱਡ ਕੇ ਇਸਲਾਮ ਜਾਂ ਕਿਸੇ ਹੋਰ ਗੈਰ-ਹਿੰਦੂ ਧਰਮ ਵਿੱਚ ਜਾਣ ਵਾਲੇ ਵਿਅਕਤੀ, 'ਪੱਛੜੀ ਸ਼੍ਰੇਣੀ' ਵਰਗ ਤਹਿਤ ਰਾਖਵੇਂਕਰਨ ਦੇ ਲਾਭਾਂ ਦਾ ਦਾਅਵਾ ਨਹੀਂ ਕਰ ਸਕਦੇ।

- ਪੰਜਾਬ ਵਿੱਚ, ਬੀਤੇ ਮੰਗਲਵਾਰ ਮਾਨਸਾ ਵਿੱਚ ਨਸ਼ਾ ਵਿਰੋਧੀ ਕਾਰਕੁੰਨ, ਪਰਵਿੰਦਰ ਸਿਘ ਝੋਟਾ ਦੇ ਕਤਲ ਅਤੇ ਸੂਬੇ ਵਿੱਚ ਫੈਲੇ ਨਸ਼ਿਆਂ ਦੇ ਖਤਰੇ ਦੇ ਵਿਰੋਧ ਵਿੱਚ, ਦਿੱਤੇ ਗਏ ਬੰਦ ਦੇ ਸੱਦੇ ਨੂੰ ਰਲਿਆ-ਮਿਲਿਆ ਹੁੰਗਾਰਾ ਮਿਲ ਰਿਹਾ ਏ।

- ਭਾਰਤੀ ਪਹਿਲਵਾਨ ਵਿਸ਼ਵਜੀਤ ਰਾਮਚੰਦਰ ਮੋਰ ਨੇ ਅੰਡਰ-23 ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਦੇ ਗ੍ਰੀਕੋ-ਰੋਮਨ ਫਾਈਨਲ ਵਿੱਚ, ਚਾਂਦੀ ਦਾ ਤਮਗਾ ਜਿੱਤ ਕੇ ਇਤਿਹਾਸ ਰਚਿਆ ਏ।

## *ਹੁਣ ਖਬਰਾਂ ਵਿਸਥਾਰ ਨਾਲ*

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਲੱਦਾਖ ਵਿੱਚ ਵੀਡੀਓ ਕਾਨਫਰੰਸਿੰਗ ਰਾਹੀਂ ਲਗਭਗ 3 ਹਜ਼ਾਰ 350 ਕਰੋੜ ਰੁਪਏ ਦੇ ਪੰਜ ਵੱਡੇ ਵਿਕਾਸ ਪ੍ਰੋਜੈਕਟਾਂ ਦਾ ਸ਼ੁਭਆਰੰਭ ਕੀਤਾ। ਇਨ੍ਹਾਂ ਪ੍ਰੋਜੈਕਟਾਂ ਦਾ ਉਦੇਸ਼, ਇਲਾਕੇ ਵਿੱਚ ਸੰਪਰਕ ਨੂੰ ਮਜ਼ਬੂਤ ਕਰਨਾ, ਊਰਜਾ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣਾ, ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣਾ ਅਤੇ ਪਾਣੀ ਸੁਰੱਖਿਆ ਨੂੰ ਵਧਾਉਣਾ ਏ।

ਪ੍ਰਧਾਨ ਮੰਤਰੀ ਨੇ ਲੇਹ ਦੇ ਕੁਸ਼ੋਕ ਬਾਕੁਲਾ ਰਿੰਪੋਚੀ ਹਵਾਈ ਅੱਡੇ 'ਤੇ 640 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਨਵੇਂ ਯਾਤਰੀ ਟਰਮੀਨਲ ਦਾ ਉਦਘਾਟਨ ਕੀਤਾ। ਇਸ ਆਧੁਨਿਕ ਟਰਮੀਨਲ ਦੀ ਸਾਲਾਨਾ ਯਾਤਰੀ ਸਮਰੱਥਾ 35 ਲੱਖ ਏ।

ਪ੍ਰਧਾਨ ਮੰਤਰੀ ਨੇ ਸਰਹੱਦੀ ਸੜਕ ਸੰਗਠਨ (BRO) ਵੱਲੋਂ ਬਣਾਈ ਗਈ 298 ਕਿਲੋਮੀਟਰ ਲੰਬੀ ਨਿੰਮੂ-ਪਦੁਮ-ਦਰਚਾ ਸੜਕ ਦਾ ਵੀ ਉਦਘਾਟਨ ਕੀਤਾ।

ਸ਼੍ਰੀ ਮੋਦੀ ਨੇ 9-ਮੈਗਾਵਾਟ ਦੇ ਹਨੂ ਛੋਟੇ ਪਣ-ਬਿਜਲੀ ਪ੍ਰੋਜੈਕਟ ਅਤੇ 66-ਕਿਲੋਵਾਟ ਡਬਲ-ਸਰਕਟ ਦਾਹ-ਹਾਨੂ-ਖਾਲਤਸੀ ਟ੍ਰਾਂਸਮਿਸ਼ਨ ਲਾਈਨ ਦਾ ਉਦਘਾਟਨ ਵੀ ਕੀਤਾ। ਇਹ ਪ੍ਰੋਜੈਕਟ ਬਿਜਲੀ ਸਪਲਾਈ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਗੇ ਅਤੇ ਲੱਦਾਖ ਦੇ ਬਿਜਲੀ ਨੈੱਟਵਰਕ ਦੀ ਭਰੋਸੇਯੋਗਤਾ ਵਿੱਚ ਸੁਧਾਰ ਕਰਨਗੇ। ਸ਼੍ਰੀ ਮੋਦੀ ਨੇ ਲੇਹ ਦੇ ਸਿੰਧੂ ਘਾਟ ਵਿੱਚ ਭਾਰਤ ਦੇ ਪਹਿਲੇ ਪੈਟਰੋਗਿਲਫ ਸੰਭਾਲ ਪਾਰਕ ਅਤੇ ਹਿਮ ਸਰੋਵਰ ਪ੍ਰੋਜੈਕਟ ਤਹਿਤ 40 ਪਿੰਡਾਂ ਵਿੱਚ ਵਿਕਸਿਤ ਕੀਤੇ ਗਏ 40 ਜਲ ਭੰਡਾਰਾਂ ਦਾ ਵੀ ਉਦਘਾਟਨ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ, ਸ਼੍ਰੀ ਮੋਦੀ ਨੇ ਕਿਹਾ -

**BYTE: PM ON LADAKH**

-----------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਸ਼ਾਮ ਨਵੀਂ ਦਿੱਲੀ ਵਿੱਚ ਏਸ਼ਿਆਈ ਖੇਡਾਂ 2026 ਵਿੱਚ ਹਿੱਸਾ ਲੈਣ ਵਾਲੇ ਭਾਰਤੀ ਦਲ ਨਾਲ ਗੱਲਬਾਤ ਕਰਨਗੇ। ਪ੍ਰਧਾਨ ਮੰਤਰੀ ਇਸ ਮੌਕੇ ਸੰਬੋਧਨ ਵੀ ਕਰਨਗੇ।

ਭਾਰਤ ਜਾਪਾਨ ਦੇ ਆਈਚੀ-ਨਾਗੋਆ ਵਿੱਚ ਹੋਈਆਂ ਏਸ਼ਿਆਈ ਖੇਡਾਂ ਵਿੱਚ 21 ਸੋਨੇ ਦੇ, 27 ਚਾਂਦੀ ਦੇ ਅਤੇ 37 ਕਾਂਸੀ ਦੇ ਤਮਗਿਆਂ ਨਾਲ, ਤਮਗਾ ਸੂਚੀ ਵਿੱਚ ਚੌਥੇ ਸਥਾਨ 'ਤੇ ਰਿਹਾ।

----------------------------------------------------------------

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਏ ਕਿ ਭਾਰਤ ਲਗਭਗ ਇੱਕ ਸੌ ਦੇਸ਼ਾਂ ਨੂੰ ਸਵਦੇਸ਼ੀ ਰੱਖਿਆ ਉਤਪਾਦਾਂ ਦੀ ਬਰਾਮਦ ਕਰ ਰਿਹਾ ਏ। ਉਨ੍ਹਾਂ ਨੇ ਦੱਸਿਆ ਏ ਕਿ ਭਾਰਤ ਦੀ ਰੱਖਿਆ ਬਰਾਮਦ 2013-14 ਵਿੱਚ, ਸਿਰਫ਼ 686 ਕਰੋੜ ਰੁਪਏ ਤੋਂ ਵੱਧ ਕੇ 2025-26 ਵਿੱਚ, 38 ਹਜ਼ਾਰ ਕਰੋੜ ਰੁਪਏ ਹੋ ਗਈ ਏ। ਸ੍ਰੀ ਸਿੰਘ ਨੇ ਅੱਜ ਨਵੀਂ ਦਿੱਲੀ ਵਿੱਚ ਇੱਕ ਰੱਖਿਆ ਕਾਨਫਰੰਸ ਦੌਰਾਨ ਇਹ ਗੱਲ ਕਹੀ। ਉਨ੍ਹਾਂ ਦੱਸਿਆ ਕਿ ਭਾਰਤ ਨੇ ਗੋਲਾ-ਬਾਰੂਦ ਦੀਆਂ ਕਿਸਮਾਂ ਦੇ ਮਾਮਲੇ ਵਿੱਚ, 90 ਫੀਸਦੀ ਤੋਂ ਵੱਧ ਆਤਮ-ਨਿਰਭਰਤਾ ਹਾਸਲ ਕਰ ਲਈ ਏ। ਉਨ੍ਹਾਂ ਕਿਹਾ ਕਿ ਭਾਰਤੀ ਫੌਜ ਕੋਲ, ਮੌਜੂਦ ਗੋਲਾ-ਬਾਰੂਦ ਦੀਆਂ 175 ਕਿਸਮਾਂ ਵਿੱਚੋਂ, 159 ਕਿਸਮਾਂ ਸਵਦੇਸ਼ੀ ਨੇ।

ਰੱਖਿਆ ਮੰਤਰੀ ਨੇ ਕਿਹਾ ਕਿ ਪਿਛਲੇ ਸਾਢੇ 12 ਸਾਲਾਂ ਵਿੱਚ, ਰੱਖਿਆ ਖੇਤਰ ਨੇ, ਨਾ ਸਿਰਫ਼ ਆਪਣੀਆਂ ਸਮਰੱਥਾਵਾਂ ਦਾ ਵਿਸਥਾਰ ਕੀਤਾ ਏ,

ਸਗੋਂ ਰਾਸ਼ਟਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਆਪਣੇ ਦ੍ਰਿਸ਼ਟੀਕੋਣ ਵਿੱਚ ਇੱਕ ਮਹੱਤਵਪੂਰਨ ਰਣਨੀਤਕ ਤਬਦੀਲੀ ਵੀ ਕੀਤੀ ਏ।

-----------------------------------------------------

ਕੈਨੇਡਾ ਦੇ ਅੰਤਰਰਾਸ਼ਟਰੀ ਵਪਾਰ ਮੰਤਰੀ, ਮਨਿੰਦਰ ਸਿੱਧੂ ਨੇ ਕਿਹਾ ਏ ਕਿ ਭਾਰਤ ਅਤੇ ਕੈਨੇਡਾ ਵਿਚਕਾਰ ਵਪਾਰਕ ਗੱਲਬਾਤ ਵਿੱਚ ਤੇਜ਼ੀ ਆਈ ਏ। ਉਨ੍ਹਾਂ ਕਿਹਾ ਕਿ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ (CEPA) ਬਾਰੇ ਗੱਲਬਾਤ ਇਸ ਸਾਲ ਪੂਰੀ ਹੋਣ ਦੀ ਉਮੀਦ ਏ। ਕੱਲ੍ਹ ਮੁੰਬਈ, ਸ੍ਰੀ ਸਿੱਧੂ ਨੇ ਕਿਹਾ ਕਿ ਸਮਝੌਤੇ ਨੂੰ ਅੰਤਿਮ ਰੂਪ ਦੇਣ ਵੱਲ ਪ੍ਰਗਤੀ ਦੁਵੱਲੇ ਸਬੰਧਾਂ ਨੂੰ ਨਵੀਆਂ ਉਚਾਈਆਂ ਤੱਕ ਲੈ ਜਾਵੇਗੀ। ਇਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਆਰਥਿਕ ਭਾਈਵਾਲੀ ਹੋਰ ਮਜ਼ਬੂਤ ਹੋਵੇਗੀ।

ਸ੍ਰੀ ਸਿੱਧੂ ਦੇ ਨਾਲ 300 ਮੈਂਬਰੀ ਵਪਾਰਕ ਵਫ਼ਦ ਵੀ ਭਾਰਤ ਆਇਆ ਏ।

-----------------------------------------------------

ਸੁਪਰੀਮ ਕੋਰਟ ਨੇ ਫੈਸਲਾ ਸੁਣਾਇਆ ਏ ਕਿ, ਜੋ ਵਿਅਕਤੀ ਹਿੰਦੂ ਧਰਮ ਛੱਡ ਕੇ ਇਸਲਾਮ ਜਾਂ ਕਿਸੇ ਹੋਰ ਗੈਰ-ਹਿੰਦੂ ਧਰਮ ਵਿੱਚ ਚਲੇ ਜਾਂਦੇ ਨੇ, ਉਹ 'ਪੱਛੜੀ ਸ਼੍ਰੇਣੀ' ਵਰਗ ਤਹਿਤ ਰਾਖਵੇਂਕਰਨ ਦੇ ਲਾਭਾਂ ਦਾ ਦਾਅਵਾ ਨਹੀਂ ਕਰ ਸਕਦੇ।

ਮਦਰਾਸ ਹਾਈ ਕੋਰਟ ਦੇ ਇੱਕ ਫੈਸਲੇ ਵਿਰੁੱਧ ਤਾਮਿਲਨਾਡੂ ਸਰਕਾਰ ਦੀ ਪਟੀਸ਼ਨ ਨੂੰ ਖਾਰਜ ਕਰਦਿਆਂ, ਜਸਟਿਸ ਪ੍ਰਸ਼ਾਂਤ ਕੁਮਾਰ ਮਿਸ਼ਰਾ ਅਤੇ ਜਸਟਿਸ ਸ੍ਰੀ ਚੰਦਰਸ਼ੇਖਰ ਦੀ ਬੈਂਚ ਨੇ ਕਿਹਾ ਕਿ ਧਰਮ ਬਦਲਣ ਤੋਂ ਬਾਅਦ, ਕਿਸੇ ਪੁਰਾਣੀ ਜਾਤ ਦੇ  ਸਮਾਜਿਕ ਪੱਛੜੇਪਨ ਨੂੰ ਅੱਗੇ ਨਹੀਂ ਵਧਾਇਆ ਜਾ ਸਕਦਾ।

ਅਦਾਲਤ ਨੇ ਐਲਾਨ ਕੀਤਾ ਕਿ ਸੰਵਿਧਾਨ ਦੀ ਧਾਰਾ 16(4) ਦੇ ਅਧੀਨ ਮਿਲਣ ਵਾਲੇ ਕਾਨੂੰਨੀ ਲਾਭ, ਸਿਰਫ਼ ਕਿਸੇ ਵਿਅਕਤੀ ਦੇ ਧਰਮ ਬਦਲਣ ਤੋਂ ਪਹਿਲਾਂ ਵਾਲੇ ਦਰਜੇ ਦੇ ਆਧਾਰ 'ਤੇ ਨਹੀਂ ਦਿੱਤੇ ਜਾ ਸਕਦੇ। ਅਦਾਲਤ ਨੇ ਇਹ ਵੀ ਦੁਹਰਾਇਆ ਕਿ ਹਿੰਦੂ, ਸਿੱਖ ਜਾਂ ਬੋਧ ਧਰਮ ਨੂੰ ਛੱਡ ਕੇ ਕਿਸੇ ਹੋਰ ਵਿਅਕਤੀ ਨੂੰ 'ਅਨੁਸੂਚਿਤ ਜਾਤੀ' ਦਾ ਦਰਜਾ ਪ੍ਰਾਪਤ ਨਹੀਂ ਏ।

ਇਹ ਫੈਸਲਾ ਮਾਰਚ 2024 ਦੇ ਤਾਮਿਲਨਾਡੂ ਸਰਕਾਰ ਦੇ ਇੱਕ ਨਿਰਦੇਸ਼ ਨਾਲ ਸਬੰਧਤ ਪਟੀਸ਼ਨ ਦੇ ਜਵਾਬ ਵਿੱਚ ਆਇਆ ਏ, ਜਿਸ ਵਿੱਚ ਧਰਮ ਪਰਿਵਰਤਨ ਕਰਨ ਵਾਲਿਆਂ ਨੂੰ ਰਾਖਵੇਂਕਰਨ ਦਾ ਲਾਭ ਦੇਣ ਦੀ ਮੰਗ ਕੀਤੀ ਗਈ ਸੀ। ਹਾਈ ਕੋਰਟ ਵੱਲੋਂ ਇਸ ਹੁਕਮ ਨੂੰ ਰੱਦ ਕਰਨ ਦੇ ਫੈਸਲੇ ਨੂੰ ਬਰਕਰਾਰ ਰੱਖਦਿਆਂ, ਸਰਬਉੱਚ ਅਦਾਲਤ ਨੇ ਕਿਹਾ ਕਿ ਨਿੱਜੀ ਧਾਰਮਿਕ ਸੰਸਥਾਵਾਂ ਕਾਨੂੰਨੀ ਹੱਕਾਂ ਨੂੰ ਨਿਰਧਾਰਤ ਨਹੀਂ ਕਰ ਸਕਦੀਆਂ।

-----------------------------------------------------------

ਪੰਜਾਬ ਵਿੱਚ, ਬੀਤੇ ਮੰਗਲਵਾਰ ਨੂੰ ਮਾਨਸਾ ਵਿੱਚ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿਘ ਝੋਟਾ ਦੇ ਕਤਲ ਅਤੇ ਸੂਬੇ ਵਿੱਚ ਫੈਲੇ ਨਸ਼ਿਆਂ ਦੇ ਖਤਰੇ

ਦੇ ਵਿਰੋਧ ਵਿੱਚ ਦਿੱਤੇ ਗਏ ਬੰਦ ਦੇ ਸੱਦੇ ਨੂੰ ਮਿਲਿਆ-ਜੁਲਿਆ ਹੁੰਗਾਰਾ ਮਿਲ ਰਿਹਾ ਏ।

ਸੂਬੇ ਦੇ ਕਈ ਹਿੱਸਿਆਂ ਵਿੱਚ ਬਾਜ਼ਾਰ ਬੰਦ ਨੇ। ਕੁਝ ਹਿੱਸਿਆਂ ਵਿੱਚ ਮੁੱਖ ਅਤੇ ਅੰਦਰਲੀਆਂ ਸੜਕਾਂ ਨੂੰ ਜਾਮ ਕਰ ਦਿੱਤਾ ਗਿਆ ਏ। ਨਸ਼ਿਆਂ ਦੇ ਖਤਰੇ ਨੂੰ ਰੋਕਣ ਅਤੇ ਸੂਬੇ ਵਿੱਚ ਮੌਜੂਦਾ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਕੰਟਰੋਲ ਕਰਨ ਵਿੱਚ ਨਾਕਾਮ ਰਹਿਣ ਲਈ, ਸੂਬਾ ਸਰਕਾਰ ਖਿਲਾਫ ਰੋਸ ਪ੍ਰਗਟ ਕੀਤਾ ਜਾ ਰਿਹਾ ਏ। ਪੁਲਿਸ ਨੇ ਸ਼ਾਂਤੀ ਬਣਾਈ ਰੱਖਣ ਲਈ ਵਿਆਪਕ ਪ੍ਰਬੰਧ ਕੀਤੇ ਨੇ।

**ਵੇਰਵੇ ਨਾਲ ਇਕ ਰਿਪੋਰਟ** :

*ਕਈ ਕਿਸਾਨ ਜਥੇਬੰਦੀਆਂ, ਰਾਜਨੀਤਿਕ ਪਾਰਟੀਆਂ ਅਤੇ ਵਪਾਰੀ ਸੰਗਠਨਾਂ ਨੇ ਬੰਦ ਦੇ ਸੱਦੇ ਦਾ ਸਮਰਥਨ ਕੀਤਾ ਏ ਜੋ ਕਿ ਮਾਰੇ ਗਏ ਕਾਰਕੁਨ, ਸਾਬਕਾ ਸੈਨਿਕ ਭੀਮ ਸਿੰਘ ਦੇ ਪਿਤਾ ਦੀ ਅਪੀਲ 'ਤੇ ਕੀਤਾ ਗਿਆ ਸੀ। ਉਨ੍ਹਾਂ ਨੇ ਲੋਕਾਂ ਨੂੰ ਕੱਲ੍ਹ ਬਾਹਰ ਆਕੇ ਬੰਦ ਦੀ ਸਫਲਤਾ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ। ਮਾਮਲੇ ਵਿੱਚ ਇਨਸਾਫ਼ ਮੰਗਣ ਲਈ ਬਣਾਈ ਗਈ ਐਕਸ਼ਨ ਕਮੇਟੀ ਨੇ ਲੋਕਾਂ ਨੂੰ ਬੰਦ ਦੌਰਾਨ ਸ਼ਾਂਤੀ ਬਣਾਈ ਰੱਖਣ ਅਤੇ ਸ਼ਾਂਤ ਰਹਿਣ ਦੀ ਅਪੀਲ ਕੀਤੀ ਏ।*

*ਹਾਲਾਂਕਿ, ਪ੍ਰਦਰਸ਼ਨਕਾਰੀ, ਐਂਬੂਲੈਂਸਾਂ ਅਤੇ ਹੋਰ ਐਮਰਜੈਂਸੀ ਵਾਹਨਾਂ ਨੂੰ ਲੰਘਣ ਦੇ ਰਹੇ ਨੇ ਅਤੇ ਹੁਣ ਤੱਕ ਕਿਤੇ ਵੀ ਕਿਸੇ ਅਣਸੁਖਾਵੀਂ ਘਟਨਾ ਦੀ ਕੋਈ ਖ਼ਬਰ ਨਹੀਂ ਏ। ਬੰਦ ਦਾ ਸੱਦਾ ਸਵੇਰੇ 6 ਵਜੇ ਤੋਂ ਸ਼ਾਮ 5 ਵਜੇ ਤੱਕ ਦਿੱਤਾ ਗਿਆ ਏ।*

*ਇਸ ਦੌਰਾਨ, ਪਰਵਿੰਦਰ ਸਿੰਘ ਦੇ ਪਰਿਵਾਰ ਨੇ ਅਧਿਕਾਰੀਆਂ ਨੂੰ ਉਸਦਾ ਪੋਸਟਮਾਰਟਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਏ ਕਿਉਂਕਿ ਉਹ ਪੀ.ਜੀ.ਆਈ*

*ਤੋਂ ਡਾਕਟਰਾਂ ਦਾ ਇੱਕ ਪੈਨਲ ਬਣਾਉਣ ਦੀ ਮੰਗ ਕਰ ਰਹੇ ਨੇ, ਜੋ ਇਹ ਪੋਸਟਮਾਰਟਮ ਕਰਵਾਏਗਾ।*

*ਰਾਜੇਸ਼ ਬਾਲੀ, ਆਕਾਸ਼ਵਾਣੀ ਖ਼ਬਰਾਂ, ਜਲੰਧਰ*

---------------------------------------------------

ਉਧਰ ਪਰਵਿੰਦਰ ਸਿੰਘ ਕਤਲ ਮਾਮਲੇ 'ਚ ਮਾਨਸਾ ਦੇ ਥਾਣਾ ਸਿਟੀ-2 ਦੀ ਮਹਿਲਾ SHO ਬੇਅੰਤ ਕੌਰ ਨੂੰ ਮੁਅੱਤਲ ਕਰ ਦਿੱਤਾ ਗਿਆ ਏ।

SSP ਮਾਨਸਾ ਵੈਭਵ ਚੌਧਰੀ ਨੇ ਦੱਸਿਆ ਕਿ SHO ਬੇਅੰਤ ਕੌਰ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਏ। ਉਸਨੂੰ ਲਾਈਨ ਹਾਜ਼ਰ ਕਰਕੇ ਉਸ ਦਾ ਤਬਾਦਲਾ ਜ਼ਿਲ੍ਹੇ ਤੋਂ ਬਾਹਰ ਕਰ ਦਿੱਤਾ ਗਿਆ ਏ।

---------------------------------------------------

ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਸਕੱਤਰ ਚੰਚਲ ਕੁਮਾਰ ਨੇ ਕਿਹਾ ਕਿ ਭਾਰਤ ਦਾ ਮੀਡੀਆ ਅਤੇ ਮਨੋਰੰਜਨ ਖੇਤਰ 2025 ਤੱਕ, 9 ਫ਼ੀਸਦੀ ਦੇ ਵਾਧੇ ਨਾਲ, 2 ਲੱਖ 78 ਹਜ਼ਾਰ ਕਰੋੜ ਰੁਪਏ ਤੱਕ ਪਹੁੰਚ ਗਿਆ ਏ। ਮੁੰਬਈ ਵਿੱਚ CII Big Picture ਸੰਮੇਲਨ ਵਿੱਚ ਬੋਲਦਿਆਂ, ਸ਼੍ਰੀ ਕੁਮਾਰ ਨੇ ਬੌਧਿਕ ਸੰਪੱਤੀ ਨੂੰ ਮਜ਼ਬੂਤ ਕਰਨ, ਨਿਰੰਤਰ ਮਾਲੀਆ ਯਕੀਨੀ ਬਣਾਉਣ, ਅਨੁਸ਼ਾਸਿਤ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਅੰਤਰਰਾਸ਼ਟਰੀ ਦਰਸ਼ਕਾਂ ਦੇ ਵਾਧੇ ਦੀ ਲੋੜ 'ਤੇ ਜ਼ੋਰ ਦਿੱਤਾ।

ਸ਼੍ਰੀ ਕੁਮਾਰ ਨੇ ਦੱਸਿਆ ਕਿ WAVES ਦਾ ਅਗਲਾ ਐਡੀਸ਼ਨ, ਅਕਤੂਬਰ 2027 ਵਿੱਚ ਮੁੰਬਈ ਵਿੱਚ ਆਯੋਜਿਤ ਕੀਤਾ ਜਾਵੇਗਾ।

---------------------------------------------------------

ਉੱਤਰੀ ਰੇਲਵੇ ਨੇ ਆਉਣ ਵਾਲੇ ਤਿਉਹਾਰਾਂ ਦੀ ਰੁੱਤ ਦੌਰਾਨ, ਮੁਸਾਫ਼ਰਾਂ ਦੀ ਸਹੂਲਤ ਲਈ, ਨਵੀਂ ਦਿੱਲੀ–ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਰੂਟ 'ਤੇ ਵਿਸ਼ੇਸ਼ ਰੇਲ ਗੱਡੀਆਂ ਚਲਾਉਣ ਅਤੇ ਮੌਜੂਦਾ ਸੇਵਾਵਾਂ ਦੇ ਫੇਰਿਆਂ ਵਿੱਚ ਵਾਧਾ ਕਰਨ ਦਾ ਫੈਸਲਾ ਕੀਤਾ ਏ।

ਸਾਡੇ ਪੱਤਰਕਾਰ ਨੇ ਖ਼ਬਰ ਦਿੱਤੀ ਏ ਕਿ, ਪਹਿਲੀ ਵਿਸ਼ੇਸ਼ ਰੇਲਗੱਡੀ, ਅੱਜ ਅਤੇ 17 ਤਰੀਕ ਨੂੰ ਦੁਪਹਿਰ ਬਾਅਦ 2 ਵਜੇ ਨਵੀਂ ਦਿੱਲੀ ਤੋਂ ਰਵਾਨਾ ਹੋਵੇਗੀ ਅਤੇ ਅਗਲੇ ਦਿਨ ਤੜਕੇ 3 ਵਜੇ ਸ਼੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਪਹੁੰਚੇਗੀ। ਵਾਪਸੀ 'ਤੇ ਰੇਲਗੱਡੀ ਕੱਲ੍ਹ ਅਤੇ 18 ਅਕਤੂਬਰ ਨੂੰ ਸਵੇਰੇ 10 ਵਜੇ ਕਟੜਾ ਤੋਂ ਰਵਾਨਾ ਹੋਵੇਗੀ ਅਤੇ ਉਸੇ ਦਿਨ ਰਾਤੀਂ ਸਾਢੇ 11 ਵਜੇ ਨਵੀਂ ਦਿੱਲੀ ਪਹੁੰਚੇਗੀ।

ਦੂਜੀ ਰੇਲਗੱਡੀ 18 ਅਤੇ 20 ਅਕਤੂਬਰ ਨੂੰ ਦੁਪਹਿਰ ਸਵਾ 2 ਵਜੇ ਨਵੀਂ ਦਿੱਲੀ ਤੋਂ ਚੱਲੇਗੀ ਅਤੇ ਅਗਲੇ ਦਿਨ ਤੜਕੇ 3 ਵਜੇ ਕਟੜਾ ਪਹੁੰਚੇਗੀ। ਵਾਪਸੀ 'ਤੇ ਰੇਲਗੱਡੀ 19 ਅਤੇ 21 ਅਕਤੂਬਰ ਨੂੰ ਸਵੇਰੇ 10 ਵਜੇ ਕਟੜਾ ਤੋਂ ਚੱਲੇਗੀ ਅਤੇ ਰਾਤੀਂ ਸਾਢੇ 11 ਵਜੇ ਨਵੀਂ ਦਿੱਲੀ ਪਹੁੰਚੇਗੀ।

---

ਭਾਰਤੀ ਪਹਿਲਵਾਨ ਵਿਸ਼ਵਜੀਤ ਰਾਮਚੰਦਰ ਮੋਰ ਨੇ ਅੰਡਰ-23 ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਦੇ ਗ੍ਰੀਕੋ-ਰੋਮਨ ਵਿੱਚ ਚਾਂਦੀ ਦਾ ਤਮਗਾ ਜਿੱਤ ਕੇ ਇਤਿਹਾਸ ਰਚ ਦਿੱਤਾ ਏ। ਵਿਸ਼ਵਜੀਤ ਨੂੰ ਅੱਜ ਅਮਰੀਕਾ ਦੇ ਲਾਸ ਵੇਗਾਸ ਵਿੱਚ, ਮਰਦਾਂ ਦੇ 55 ਕਿਲੋ ਵਰਗ ਦੇ ਇੱਕ ਰੋਮਾਂਚਕ ਫਾਈਨਲ ਵਿੱਚ, ਜਾਰਜੀਆ ਦੇ ਕੋਬਾ ਕਰੁਮਿਦਜ਼ੇ ਤੋਂ 12-13 ਦੇ ਮਾਮੂਲੀ ਫਰਕ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ।

ਅੰਡਰ-23 ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਪਹਿਲੀ ਵਾਰ, ਕੋਈ ਭਾਰਤੀ ਪਹਿਲਵਾਨ ਗ੍ਰੀਕੋ-ਰੋਮਨ ਦੇ ਫਾਈਨਲ ਵਿੱਚ ਪਹੁੰਚਿਆ ਅਤੇ ਪਹਿਲੀ ਵਾਰ ਤਮਗਾ ਹਾਸਿਲ ਕੀਤਾ।

---

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਲੱਦਾਖ ਵਿੱਚ, ਵੀਡੀਓ ਕਾਨਫਰੰਸਿੰਗ ਰਾਹੀਂ ਲਗਭਗ 3 ਹਜ਼ਾਰ 350 ਕਰੋੜ ਰੁਪਏ ਦੇ ਪੰਜ ਵੱਡੇ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ।

- ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਏ ਕਿ ਭਾਰਤ, ਲਗਭਗ 100 ਦੇਸ਼ਾਂ ਨੂੰ ਸਵਦੇਸ਼ੀ ਰੱਖਿਆ ਉਤਪਾਦਾਂ ਦੀ ਬਰਾਮਦ ਕਰ ਰਿਹਾ ਏ।

- ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਏ ਕਿ, ਹਿੰਦੂ ਧਰਮ ਛੱਡ ਕੇ ਇਸਲਾਮ ਜਾਂ ਕਿਸੇ ਹੋਰ ਗੈਰ-ਹਿੰਦੂ ਧਰਮ ਵਿੱਚ ਜਾਣ ਵਾਲੇ ਵਿਅਕਤੀ, 'ਪੱਛੜੀ ਸ਼੍ਰੇਣੀ' ਵਰਗ ਤਹਿਤ ਰਾਖਵੇਂਕਰਨ ਦੇ ਲਾਭਾਂ ਦਾ ਦਾਅਵਾ ਨਹੀਂ ਕਰ ਸਕਦੇ।

- ਪੰਜਾਬ ਵਿੱਚ, ਬੀਤੇ ਮੰਗਲਵਾਰ ਮਾਨਸਾ ਵਿੱਚ ਨਸ਼ਾ ਵਿਰੋਧੀ ਕਾਰਕੁੰਨ, ਪਰਵਿੰਦਰ ਸਿਘ ਝੋਟਾ ਦੇ ਕਤਲ ਅਤੇ ਸੂਬੇ ਵਿੱਚ ਫੈਲੇ ਨਸ਼ਿਆਂ ਦੇ ਖਤਰੇ ਦੇ ਵਿਰੋਧ ਵਿੱਚ, ਦਿੱਤੇ ਗਏ ਬੰਦ ਦੇ ਸੱਦੇ ਨੂੰ ਰਲਿਆ-ਮਿਲਿਆ ਹੁੰਗਾਰਾ ਮਿਲ ਰਿਹਾ ਏ।

- ਭਾਰਤੀ ਪਹਿਲਵਾਨ ਵਿਸ਼ਵਜੀਤ ਰਾਮਚੰਦਰ ਮੋਰ ਨੇ ਅੰਡਰ-23 ਵਿਸ਼ਵ ਕੁਸ਼ਤੀ ਚੈਂਪੀਅਨਸ਼ਿਪ ਦੇ ਗ੍ਰੀਕੋ-ਰੋਮਨ ਫਾਈਨਲ ਵਿੱਚ, ਚਾਂਦੀ ਦਾ ਤਮਗਾ ਜਿੱਤ ਕੇ ਇਤਿਹਾਸ ਰਚਿਆ ਏ।

---

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ, ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਸ਼ਾਮੀਂ 6 ਵਜ ਕੇ 20 ਮਿੰਟ 'ਤੇ ਹੋਏਗਾ. ਨਮਸਕਾਰ!**